# ਪ੍ਰਇਵੇਟ ਸਕੂਲਾਂ ਨੂੰ ਆਰ.ਟੀ.ਈ ਐਕਟ ਅਧੀਨ Recognition/Registration ਲੈਣ ਸਬੰਧੀ ਪ੍ਰੋਸੀਜਰ

1.0 Recognition/Registration ਲੈਣ ਲਈ ਪ੍ਰਾਇਵੇਟ ਸਕੂਲ/ਸੰਸਥਾਂ ਵਲੋ ਆਪਣੇ ਸਕੂਲ/ਸੰਸਥਾਂ ਦੇ Login ID ਤੋ www.epunjabschool.gov.in ਪੋਰਟਲ ਅਧੀਨ ਲੱਗੇ ਲਿੰਕ Applications >> Apply for RTE Recognition/Registration ਉੱਤੇ ਜਾ ਕੇ ਆਪਣਾ ਆਨ ਲਾਇਨ ਫਾਰਮ-1 (ਆਰ.ਟੀ..ਈ ਐਕਟ 2009 ਅਨੁਸਾਰ) ਭਰਿਆ ਜਾਵੇਗਾ।

2.0 ਸਬੰਧਤ ਸਕੂਲ/ਸੰਸਥਾਂ ਦਸਤਾਵੇਜਾ ਅਨੁਸਾਰ ਮੰਗੀ ਗਈ ਜਾਣਕਾਰੀ ਨੂੰ ਆਨ ਲਾਇਨ ਹੀ ਭਰੇਗਾ ਅਤੇ ਮੰਗੇ ਗਏ ਦਸਤਾਵੇਜ ਵੀ ਆਨ ਲਾਇਨ ਹੀ ਅਪਲੋਡ ਕੀਤੇ ਜਾਣਗੇ।

3.0 ਸਬੰਧਤ ਸਕੂਲ /ਸੰਸਥਾਂ ਵਲੋ ਇਸ ਦੀ ਰਜਿਸਟਰੇਸ਼ਨ ਫੀਸ ਆਨ ਲਾਇਨ ਹੀ ਅਦਾ ਕਰੇਗਾ।

4.0 ਸਕੂਲਾਂ ਵਲੋ ਪ੍ਰਾਪਤ ਦਰਖਾਸਤਾਂ ਸਿੱਧੇ ਤੋਰ ਤੇ ਆਨ ਲਾਇਨ ਹੀ ਜਿਲ੍ਹਾਂ ਸਿਖਿਆ ਅਫਸਰ(ਐ:ਸਿ:) ਕੋਲ ਆ ਜਾਣਗੀਆਂ ਅਤੇ ਜਿਲ੍ਹਾਂ ਸਿਖਿਆ ਅਫਸਰ (ਐ:ਸਿ:) ਵਲੋ ਸਬੰਧਤ ਕਮੇਟੀ ਨੂੰ ਸਕੂਲ ਵਲੋ ਦਿੱਤੇ ਦਸਤਾਵੇਜਾ ਦੀ ਘੋਖ ਕਰਣ ਲਈ ਆਨ ਲਾਇਨ ਹੀ ਭੇਜੇ ਜਾਣਗੇ।ਜੇਕਰ ਪ੍ਰਾਪਤ ਕੇਸ ਦੇ ਦਸਤਾਵੇਜਾ ਵਿੱਚ ਕੋਈ ਕਮੀ ਪਾਈ ਜਾਂਦੀ ਹੈ ਤਾਂ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਵਲੋ ਕੇਸ ਰੱਦ ਕਰ ਦਿਤਾ ਜਾਵੇਗਾ।

5.0 ਜੇਕਰ ਦਸਤਾਵੇਜ ਹਦਾਇਤਾ ਅਨੁਸਾਰ ਸਹੀ ਪਾਏ ਜਾਂਦੇ ਹਨ ਤਾਂ ਕਮੇਟੀ 48 ਘੰਟੇ ਵਿੱਚ ਆਪਣੀ ਪ੍ਰਵਾਨਗੀ/ਇਤਰਾਜ ਸਿਫਾਰਿਸ਼ ਸਮੇਤ ਜਿਲ੍ਹਾਂ ਸਿਖਿਆ ਅਫਸਰ ਨੂੰ ਆਨ ਲਾਇਨ ਹੀ ਭੇਜਣਗੇ। ਕਮੇਟੀ ਵਲੋ ਸਕੂਲ/ ਸੰਸਥਾਂ ਦੇ ਦਸਤਾਵੇਜਾਂ ਤੇ ਪ੍ਰਵਾਨਗੀ ਦੀ ਸਿਫਾਰਿਸ਼ ਉਪਰੰਤ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਵਲੋ ਸਬੰਧਤ ਸਕੂਲ/ਸੰਸਥਾਂ ਦੇ ਅਦਾਰੇ ਦੀ Inspection ਕਰਨ ਲਈ ਕੇਸ ਇੰਸਪੈਕਸ਼ਨ ਕਮੇਟੀ ਨੂੰ ਮਾਰਕ ਕੀਤਾ ਜਾਵੇਗਾ ਅਤੇ ਸਬੰਧਤ ਕਮੇਟੀ 7 ਦਿਨਾਂ ਵਿੱਚ ਰੂਲਾਂ/ਹਦਾਇਤਾ ਅਨੁਸਾਰ ਸਬੰਧਤ ਸਕੂਲ ਦੇ ਅਦਾਰੇ ਦੀ ਇਸਪੈਕਸ਼ਨ ਕਰਨ ਉਪਰੰਤ ਸਮੇਤ ਸਿਫਾਰਿਸ਼ ਇਸ ਦੀ ਰਿਪੋਰਟ ਵਾਪਿਸ ਆਨ ਲਾਇਨ ਜਿਲ੍ਹਾਂ ਸਿਖਿਆ ਅਫਸਰ ਨੂੰ ਮਾਰਕ ਕਰੇਗੀ।

6.0 ਜਿਸ ਸਕੂਲ/ਸੰਸਥਾਂ ਦੇ ਅਦਾਰੇ ਸਬੰਧੀ ਇੰਸਪੈਕਸ਼ਨ ਟੀਮ ਵਲੋ ਇਤਰਾਜ ਦਰਸ਼ਾਏ ਜਾਣਗੇ ਉਹ ਇਤਰਾਜ ਦਰਸ਼ਾਉਂਦੇ ਹੋਏ ਜਿਲ੍ਹਾਂ ਸਿਖਿਆ ਅਫਸਰ(ਐ:ਸਿ:) ਦੀ Login ID ਤੇ Show ਹੋਣਗੇ ਅਤੇ ਕੇਸ Reject ਕਰ ਦਿਤਾ ਜਾਵੇਗਾ ਜਿਸ ਦੀ ਜਾਣਕਾਰੀ ਸਕੂਲ/ਸੰਸਥਾਂ ਦੀ Login ID ਤੇ ਮਿੱਲ ਜਾਵੇਗੀ।

7.0 ਜੇਕਰ ਸਕੂਲ /ਸੰਸਥਾਂ ਦਾ ਅਦਾਰਾ ਰੂਲਾਂ/ਹਦਾਇਤਾ ਅਨੁਸਾਰ ਸਹੀ ਪਾਇਆ ਜਾਂਦਾ ਹੈ ਤਾਂ ਉਸ ਸੰਸਥਾ ਨੂੰ Recognition/Registration ਸਰਟੀਫਿਕੇਟ Auto Generate ਹੋ ਕੇ ਸਬੰਧਤ ਸਕੂਲ/ਸੰਸਥਾਂ ਦੀ Login ID ਤੇ Show ਹੋਵੇਗਾ ਅਤੇ ਸਬੰਧਤ ਸਕੂਲ/ਸੰਸਥਾਂ ਇਸ ਨੂੰ ਡਾਉਨਲੋਡ ਕਰ ਸਕਦੇ ਹਨ।

8.0 ਉਪਰੋਕਤ ਸਬੰਧੀ ਕਿਸੇ ਵੀ ਕਿਸਮ ਦੀ ਤਕਨੀਕੀ ਜਾਣਕਾਰੀ ਜਾ ਸਹਿਯੋਗ ਲਈ ਜਿਲ੍ਹਾਂ ਸਿਖਿਆ ਅਫਸਰ/ਜਿਲ੍ਹਾ ਐਮ.ਆਈ.ਐਸ ਸ਼ਾਂਖਾ ਨਾਲ ਸੰਪਰਕ ਕੀਤਾ ਜਾ ਸਕਦਾ ਹੈ।